# ਤੇਰੇ ਦਿੱਤੇ ਪੈਸੇ

ਤੇਰੇ ਦਿੱਤੇ ਪੈਸੇ
==========
ਤੜ੍ਹਕੇ ਉੱਠ ਕੇ, ਤੇਰਾ ਮੰਦਿਰ, ਸਜਾ ਲਈਦਾ,
ਨਾਮ ਤੇਰੇ ਦਾ, ਧੂਣਾ ਜੋਗੀਆ, ਲਾ ਲਈਦਾ ॥
ਭਗਤਾਂ ਦੇ ਘਰ, ਸੁੱਖ ਵਰਸਾਉਂਦਾ, ਰਹੀ ਬਾਬਾ,
ਅਸੀਂ ਹਾਂ ਤੇਰੇ, ਸਾਡਾ ਹੋ ਕੇ, ਰਹੀਂ ਬਾਬਾ।
ਹਰ ਵੇਲੇ ਅਸੀਂ, ਤੇਰਾ ਸ਼ੁਕਰ, ਮਨਾਉਂਦੇ ਆਂ,
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,, ਬਾਬਾ ਜੀ ॥
^
ਜਦ ਦਿਲ ਕਰਦਾ, ਗੁਫ਼ਾ ਤੇ ਆ ਕੇ, ਬਹਿ ਜਾਈਦਾ,
ਰੋਟ ਚੜ੍ਹ ਕੇ, ਦਿਲ ਵਾਲਾ ਦੁੱਖ, ਕਹਿ ਜਾਈਦਾ ॥
ਮੁੱਕਣ ਕਦੇ ਨਾ, ਦੇਂਦਾ ਭਰੇ, ਖਜ਼ਾਨੇ ਆਂ,
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,, ਬਾਬਾ ਜੀ ॥
^
ਕੰਮ ਸਾਡੇ, ਸਾਰੇ ਆਪੇ, ਹੋਈ ਜਾਂਦੇ ਆ,
"ਪਤਾ ਨੀ ਲੱਗਦਾ, ਪੈਸੇ ਕਿੱਥੋਂ, ਆਉਂਦੇ ਆ"।
ਜੇਠੇ, ਐਤਵਾਰ ਨੂੰ ਲੰਗਰ, ਲਾਉਂਦੇ ਆਂ,
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,, ਬਾਬਾ ਜੀ ॥
^
ਭਰ ਭਰ ਝੋਲੀਆਂ, ਸਭ ਨੂੰ ਖਜ਼ਾਨੇ, ਦੇਈਂ ਬਾਬਾ,
ਸੋਹਣੀ ਕਹਿੰਦਾ, ਮੇਹਰਾਂ ਕਰਦਾ, ਰਹੀਂ ਬਾਬਾ ॥
ਸੌਰਭ ਵਾਂਗੂ, ਹਰ ਪਲ ਨਾਮ, ਧਿਆਉਂਦੇ ਆਂ,
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,, ਬਾਬਾ ਜੀ।
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,, ਜੋਗੀਆ।
ਤੇਰੇ ਦਿੱਤੇ ਪੈਸੇ, ਖਰਚੀ ਜਾਂਦੇ ਆਂ,,,,,
ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/33509/title/TERE-DITTE-PAISE

अपने Android मोबाइल पर BhajanGanga App डाउनलोड करें और भजनों का आनंद ले |